# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਹਵਾਲਾ ਨੰ: ਪ. ਭ. ਪ. ਭ/28
ਮਿਤੀ : 19.09.2019

ਵੱਲ

ਜਨਰਲ ਸਕੱਤਰ,
ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ)
ਧੂਰੀ।

ਵਿਸ਼ਾ: ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਪੰਜਾਬੀ ਭਾਸ਼ਾ ਨੂੰ ਸਰਕਾਰੀ ਦਫ਼ਤਰਾਂ ਵਿਚ ਲਾਗੂ ਕਰਾਉਣ ਲਈ ਕੀਤੇ ਜਾਂਦੇ ਯਤਨਾਂ ਵਿਚ ਸਹਿਯੋਗ ਦੇਣ ਲਈ ਬੇਨਤੀ।

ਸ਼੍ਰੀ ਮਾਨ ਜੀ,

ਪਿਛਲੇ ਇੱਕ ਸਾਲ ਤੋਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਸਰਗਰਮ ਹੈ।

ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬੀ ਭਾਸ਼ਾ ਤੇਜ਼ੀ ਨਾਲ ਸਰਕਾਰ, ਵਪਾਰ, ਪਰਿਵਾਰ ਅਤੇ ਸੱਭਿਆਚਾਰ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ। ਸਰਕਾਰੇ ਦਰਬਾਰੇ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਦਵਾਉਣ ਲਈ, ਭਾਈਚਾਰੇ ਵੱਲੋਂ ਵੱਖ-ਵੱਖ ਸਮੇਂ, ਪੰਜਾਬ ਸਰਕਾਰ ਨਾਲ ਚਿੱਠੀ ਪੱਤਰ ਕੀਤਾ ਜਾਂਦਾ ਹੈ। ਇਸ ਚਿੱਠੀ ਪੱਤਰ ਦੇ ਉਸਾਰੂ ਸਿੱਟੇ ਨਿਕਲ ਰਹੇ ਹਨ।

ਪੰਜਾਬੀ ਲੇਖਕ ਅਤੇ ਬੁੱਧੀਜੀਵੀ ਵੱਡੀ ਗਿਣਤੀ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਮੈਂਬਰ ਹਨ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੀਆਂ ਸਾਰੇ ਪੰਜਾਬ ਵਿਚ ਸਰਗਰਮ ਇਕਾਈਆਂ ਹਨ। ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਚਾਹੁੰਦਾ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ, ਮਾਂ ਬੋਲੀ ਪੰਜਾਬੀ ਦੇ ਵਿਕਾਸ ਅਤੇ ਪ੍ਰਚਾਰ ਲਈ ਵਿੱਢੇ ਸੰਘਰਸ਼ ਵਿਚ ਵੱਧ-ਚੜ੍ਹ ਕੇ ਹਿੱਸਾ ਲਵੇ।

ਭਾਈਚਾਰੇ ਵੱਲੋਂ 07.07.2019 ਨੂੰ ਚੇਅਰਮੈਨ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਨੂੰ ਇੱਕ ਪੱਤਰ ਲਿਖ ਕੇ ਕਮਿਸ਼ਨ ਵੱਲੋਂ ਲਏ ਜਾਂਦੇ ਇਮਤਿਹਾਨਾਂ ਨੂੰ ਕੇਵਲ ਅੰਗਰੇਜ਼ੀ ਦੀ ਥਾਂ, ਅੰਗਰੇਜ਼ੀ ਅਤੇ ਪੰਜਾਬੀ ਵਿਚ ਲਏ ਜਾਣ ਲਈ ਬੇਨਤੀ ਕੀਤੀ ਗਈ ਹੈ। ਇਸ ਪੱਤਰ ਦੀ ਨਕਲ ਆਪ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਵੱਲੋਂ ਅਤੇ ਇਸ ਦੇ ਪ੍ਰਬੁੱਧ ਅਤੇ ਅਸਰ ਰਸੂਖ਼ ਵਾਲੇ ਮੈਂਬਰਾਂ/ਇਕਾਈਆਂ ਰਾਹੀਂ, ਇਹ ਮਸਲਾ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਅਤੇ ਪੰਜਾਬ ਸਰਕਾਰ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਉਠਾਓ ਤਾਂ ਜੋ ਕਮਿਸ਼ਨ ਨੂੰ ਇਮਤਿਹਾਨ ਪੰਜਾਬੀ ਵਿਚ ਲੈਣ ਲਈ ਮਜਬੂਰ ਹੋਣਾ ਪਵੇ। ਇੰਞ ਹੋਣ ਨਾਲ ਇੱਕ ਪਾਸੇ ਪੰਜਾਬੀ ਭਾਸ਼ਾ ਦਾ ਤੇਜ਼ੀ ਨਾਲ ਵਿਕਾਸ ਹੋਵੇਗਾ ਅਤੇ ਦੂਜੇ ਪਾਸੇ ਪੰਜਾਬ ਦੀ ਜਵਾਨੀ ਨੂੰ ਰੁਜ਼ਗਾਰ ਦੇ ਵੱਧ ਮੌਕੇ ਉਪਲਬਧ ਹੋਣ ਲੱਗਣਗੇ।

ਉਸਾਰੂ ਹੁੰਘਾਰੇ ਦੀ ਉਡੀਕ ਨਾਲ।

| | | |
|---|---|---|
| ਸੁਖਿੰਦਰ ਪਾਲ ਸਿੰਘ | ਮਹਿੰਦਰ ਸਿੰਘ ਸੇਖੋਂ | ਹਰਬਖ਼ਸ਼ ਸਿੰਘ ਗਰੇਵਾਲ |
| ਸਹਾਇਕ ਸੰਚਾਲਕ | ਸਹਾਇਕ ਸੰਚਾਲਕ | ਸਹਾਇਕ ਸੰਚਾਲਕ |

**ਨੱਥੀ:** ਚਿੱਠੀ ਮਿਤੀ 07.07.2019

**PUNJABI BHASHA PASAAR BHAICHARA**
ਸੰਪਰਕ/Contact : punjabibpbhaichara@gmail.com www.punjabibhashapasaarbhaichara.org
ਮੁੱਖ ਦਫ਼ਤਰ : 297, ਗਲੀ ਨੰ. 5, ਉਪਕਾਰ ਨਗਰ, ਸਿਵਿਲ ਲਾਈਨਜ਼, ਲੁਧਿਆਣਾ।